# ਜ਼ਿਲ੍ਹਾ ਰੈਡ ਕਰਾਸ ਸੋਸਾਇਟੀ

ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਸ਼੍ਰੀ ਡੀ.ਕੇ. ਤਿਵਾੜੀ, ਆਈ.ਏ.ਐਸ., ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਦੀ ਅਗਵਾਈ ਹੇਠ ਅੱਤ ਦੇ ਗਰੀਬ, ਨਿਰਆਸ਼ਰਿਤ, ਅਪੰਗ ਵਿਅਕਤੀਆਂ, ਵਿਧਵਾਵਾਂ ਅਤੇ ਸੜਕ ਦੁਰਘਟਨਾਵਾਂ ਦੇ ਸ਼ਿਕਾਰ ਵਿਅਕਤੀਆਂ ਦੀ ਮਦਦ ਲਈ ਤੱਤਪਰ ਹੈ। ਇਸ ਸੰਸਥਾ ਵਲੋਂ ਲੋਕ ਹਿੱਤ ਹੇਠ ਲਿਖੇ ਪ੍ਰੋਜੈਕਟ ਚਲਾਏ ਜਾ ਰਹੇ ਹਨ—

1. **ਫਿਜੀਓਥੈਰੇਪੀ ਅਤੇ ਮੁੜ ਵਸਾਉ ਸੈਂਟਰ ਸਿਵਲ ਹਸਪਤਾਲ, ਹੁਸ਼ਿਆਰਪੁਰ**

ਇਸ ਸੈਂਟਰ ਵਿਚ ਹੱਡੀਆਂ, ਜੋੜਾਂ ਅਤੇ ਮਸਲਸ ਦੀਆਂ ਸੱਟਾਂ ਦਾ ਇਲਾਜ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਪੋਲੀਓ ਗ੍ਰਸਤ ਅਤੇ ਸਰਵਹੀਕਲ ਪਾਲਸੀ ਦੇ ਮਰੀਜ਼ਾਂ ਦਾ ਉਪਚਾਰ ਆਧੁਨਿਕ ਮਸ਼ੀਨਾਂ ਰਾਹੀਂ ਕੀਤਾ ਜਾਂਦਾ ਹੈ।

2. **ਹੋਮਿਓਪੈਥਿਕ ਡਿਸਪੈਂਸਰੀ, ਬਾਜ਼ਾਰ ਵਕੀਲਾਂ, ਹੁਸ਼ਿਆਰਪੁਰ**

ਇਸ ਡਿਸਪੈਂਸਰੀ ਵਿਚ ਮਰੀਜ਼ਾਂ ਦਾ ਇਲਾਜ ਹੋਮਿਓਪੈਥਿਕ ਚਕਿਤਸਾ ਸਿਸਟਮ ਨਾਲ ਕੀਤਾ ਜਾਂਦਾ ਹੈ।

3. **ਸਬ ਹੈਲਥ ਸੈਂਟਰ, ਪਿੰਡ ਬੋਦਲ, ਤਹਿਸੀਲ ਦਸੂਹਾ**

ਇਸ ਸੈਂਟਰ ਵਿਚ ਪਿੰਡ ਬੋਦਲ ਅਤੇ ਉਸ ਦੇ ਆਸ-ਪਾਸ ਦੇ ਪਿੰਡਾਂ ਦੇ ਰੋਗੀਆਂ ਦਾ ਇਲਾਜ ਕੀਤਾ ਜਾਂਦਾ ਹੈ।

4. **ਰੈਡ ਕਰਾਸ ਕੰਪਿਊਟਰ ਸੈਂਟਰ, ਹੁਸ਼ਿਆਰਪੁਰ**

ਇਸ ਟ੍ਰੇਨਿੰਗ ਸੈਂਟਰ ਵਿਚ ਗਰੀਬਾਂ ਅਤੇ ਮਧਿਅਮ ਦਰਜ਼ੇ ਦੇ ਲੜਕੇ ਅਤੇ ਲੜਕੀਆਂ ਨੂੰ ਬਹੁਤ ਹੀ ਘੱਟ ਫੀਸਾਂ ਤੇ ਕੰਪਿਊਟਰ ਟ੍ਰੇਨਿੰਗ ਦਾ 6 ਮਹੀਨੇ ਅਤੇ ਇੱਕ ਸਾਲ ਦਾ ਕੋਰਸ ਕਰਾਇਆ ਜਾਂਦਾ ਹੈ ਤਾਂ ਜੋ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਆਪਣੀ ਮਦਦ ਕਰ ਸਕਣ। ਇਸ ਤੋਂ ਇਲਾਵਾ ਸਰਕਾਰੀ ਅਦਾਰਿਆਂ ਦੇ ਕਰਮਚਾਰੀਆਂ ਨੂੰ ਵੀ ਕੰਪਿਊਟਰ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ।

5. **ਟਾਈਪ ਅਤੇ ਸ਼ਾਰਟਹੈਂਡ ਟ੍ਰੇਨਿੰਗ ਸੈਂਟਰ**

ਇਹ ਸੈਂਟਰ ਕੇਵਲ ਲੜਕੀਆਂ ਲਈ ਹੈ। ਇਸ ਵਿਚ ਲੜਕੀਆਂ ਨੂੰ ਟਾਈਪ ਅਤੇ ਸ਼ਾਰਟਹੈਂਡ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ।

6. **ਏਡਜ਼ ਜਾਗਰਿਤੀ ਕੈਂਪ**

ਇਸ ਸੰਸਥਾ ਵਲੋਂ ਭਾਰਤ ਸਰਕਾਰ, ਪੰਚਾਇਤਾਂ ਅਤੇ ਪੇਂਡੂ ਵਿਕਾਸ ਮਹਿਕਮੇ ਦੀ ਮਦਦ ਨਾਲ ਲੋਕਾਂ ਨੂੰ ਏਡਜ਼ ਸਬੰਧੀ ਕੈਂਪ ਲਗਾ ਕੇ ਏਡਜ਼ ਫੈਲਣ ਦੇ ਕਾਰਨ, ਇਸ ਦੇ ਇਲਾਜ ਅਤੇ ਏਡਜ਼ ਦੇ ਸ਼ਿਕਾਰ ਵਿਅਕਤੀਆਂ ਲਈ ਸਮਾਜ ਵਲੋਂ ਵਿਤਕਰਿਆਂ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਏਡਜ਼ ਕਿਹੜੇ ਕਾਰਨਾਂ ਕਰਕੇ ਫੈਲਦੀ ਹੈ। ਇਸ ਦੇ ਕੀ ਇਲਾਜ ਹਨ ਅਤੇ ਜੇਕਰ ਕੋਈ ਵਿਅਕਤੀ ਏਡਜ਼ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਸਮਾਜ ਵਲੋਂ ਉਸ ਨਾਲ ਕਿਸੇ ਪ੍ਰਕਾਰ ਦਾ ਵਿਤਕਰਾ ਕਰਨ ਦੀ ਬਜਾਏ ਉਸ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ।

7. **ਐਂਬੂਲੈਂਸ ਸਰਵਿਸ**

ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਵਲੋਂ ਮਰੀਜ਼ਾਂ ਅਤੇ ਜ਼ਖ਼ਮੀਆਂ ਨੂੰ ਐਮਰਜੈਂਸੀ ਵੇਲੇ ਦੂਰ ਨੇੜੇ ਦੇ ਹਸਪਤਾਲਾਂ ਤੱਕ ਪਹੁੰਚਾਣ ਲਈ ਦੋ ਐਂਬੂਲੈਂਸ ਵੈਨਾਂ ਚਲਾਈਆਂ ਜਾ ਰਹੀਆਂ ਹਨ।

ਉਪਰੋਕਤ ਤੋਂ ਇਲਾਵਾ ਸਰੀਰਕ ਤੌਰ ਤੇ ਅਪੰਗ ਵਿਅਕਤੀਆਂ ਨੂੰ ਭਾਰਤ ਸਰਕਾਰ ਦੀ ਮਦਦ ਨਾਲ

ਟਰਾਈ ਸਾਈਕਲ, ਬਨਾਵਟੀ ਅੰਗ, ਵੀਲ੍ਹ ਚੇਅਰ ਅਤੇ ਕੰਨਾਂ ਨੂੰ ਸੁਣਨ ਵਾਲੀਆਂ ਮਸ਼ੀਨਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਗਰੀਬ ਰੋਗੀਆਂ, ਸੜ੍ਹਕ ਦੁਰਘਟਨਾਵਾਂ ਦੇ ਸ਼ਿਕਾਰ ਜ਼ਖ਼ਮੀਆਂ, ਅੱਗ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਹਰ ਤਰ੍ਹਾਂ ਦੀ ਮਦਦ ਵੀ ਕੀਤੀ ਜਾਂਦੀ ਹੈ।

ਸੇਂਟ ਜ਼ੋਨ ਐਮਬੂਲੈਂਸ ਜੋ ਕਿ ਸੋਸਾਇਟੀ ਦਾ ਟ੍ਰੇਨਿੰਗ ਵਿੰਗ ਹੈ, ਵਿਦਿਆਰਥੀਆਂ, ਫੈਕਟਰੀ ਵਰਕਰਾਂ, ਪੁਲਿਸ ਅਤੇ ਪੈਰਾਮਿਲਟਰੀ ਫੋਰਸ ਦੇ ਜਵਾਨਾਂ, ਕੰਡਕਟਰਾਂ ਅਤੇ ਡਰਾਈਵਰਾਂ, ਐਨ.ਐਸ.ਐਸ. ਦੇ ਵਲੰਟੀਅਰਾਂ ਆਦਿ ਨੂੰ ਫਸਟ ਏਡ ਤੇ ਹੋਮ ਨਰਸਿੰਗ ਦੀ ਟ੍ਰੇਨਿੰਗ ਦੇਣ ਦਾ ਪ੍ਰਬੰਧ ਕਰਦੀ ਹੈ।

ਹਸਪਤਾਲ ਵੈਲਫੇਅਰ ਸੈਕਸ਼ਨ ਰਾਹੀਂ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਸਲਾਈ, ਕਢਾਈ ਅਤੇ ਡਰੈਸ ਡਿਜਾਇਨਿੰਗ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਇਸ ਸੈਕਸ਼ਨ ਰਾਹੀਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿੰਡ ਅੱਜੋਵਾਲ, ਢੋਲਬਾਹਾ, ਜਨੌੜੀ, ਟੱਪਾ, ਅਤਵਾਰਾਪੁਰ, ਸਾਹਰੀ, ਅੱਤੋਵਾਲ, ਪਾਹਲੇਵਾਲ, ਹੱਬੋਵਾਲ ਅਤੇ ਦੋ ਸੈਂਟਰ ਹੁਸ਼ਿਆਰਪੁਰ ਸ਼ਹਿਰ ਵਿਚ ਚਲਾਏ ਜਾ ਰਹੇ ਹਨ। ਇਸ ਸੈਕਸ਼ਨ ਰਾਹੀਂ ਡਰੈਸ ਅਤੇ ਫੈਸ਼ਨ ਡਿਜ਼ਾਇਨਿੰਗ ਦਾ ਇਕ ਸੈਂਟਰ ਮੁਹੱਲਾ ਜਗਤਪੁਰਾ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਤਿੰਨ ਬਾਲਵਾੜੀਆਂ ਪਿੰਡ ਰਹੀਮਪੁਰ, ਅੱਤੋਵਾਲ ਅਤੇ ਮੋਨਾ ਕਲਾਂ ਵਿਚ ਚਲਾਈਆਂ ਜਾ ਰਹੀਆਂ ਹਨ ਅਤੇ ਇਕ ਬਾਲ ਵਾਟਿਕਾ, ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਹਸਪਤਾਲਾਂ ਵਿਚ ਦਾਖਲ ਗਰੀਬ, ਬੀਮਾਰ ਵਿਅਕਤੀਆਂ ਨੂੰ ਮੁਫ਼ਤ ਦਵਾਈਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਇਸ ਸੰਸਥਾ ਰਾਹੀਂ ਹੀ ਆਮ ਪਰਿਵਾਰਿਕ ਝਗੜਿਆਂ ਦਾ ਨਿਪਟਾਰਾ ਚੇਅਰਮੈਨ ਅਤੇ ਹਸਪਤਾਲ ਭਲਾਈ ਸੈਕਸ਼ਨ ਦੀ ਮਦਦ ਨਾਲ ਕੀਤਾ ਜਾਂਦਾ ਹੈ। ਹਸਪਤਾਲਾਂ ਵਿਚ ਬੀਮਾਰ ਵਿਅਕਤੀਆਂ, ਜੇਲ੍ਹ ਦੇ ਕੈਦੀਆਂ ਅਤੇ ਬਿਰਧ ਆਸ਼ਰਮ ਅਤੇ ਜੁਵਨਾਈਲ ਹੋਮ ਦੇ ਬਜ਼ੁਰਗਾਂ ਅਤੇ ਬੱਚਿਆਂ ਨੂੰ ਫ਼ਲ ਅਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ।